COTO College of Occupational Therapists of Ontario
Regulator of occupational therapists in Ontario

# ਤੁਹਾਡੇ ਅਕੂਪੇਸ਼ਨਲ ਥੈਰੇਪਿਸਟ ਤੋਂ ਕੀ ਉਮੀਦ ਕੀਤੀ ਜਾਵੇ

ਅਕੂਪੇਸ਼ਨਲ ਥੈਰੇਪਿਸਟ ਹਰ ਉਮਰ ਅਤੇ ਸਾਰੀਆਂ ਯੋਗਤਾਵਾਂ ਦੇ ਲੋਕਾਂ ਨਾਲ ਕੰਮ ਕਰਦੇ ਹਨ ਤਾਂ ਜੋ ਉਨ੍ਹਾਂ ਨੂੰ ਉਨ੍ਹਾਂ ਦੇ ਰੋਜ਼ਾਨਾ ਜੀਵਨ ਵਿੱਚ ਕਾਰਜ ਅਤੇ ਸੁਤੰਤਰਤਾ ਦੇ ਸਭ ਤੋਂ ਵਧੀਆ ਪੱਧਰ ਤੱਕ ਪਹੁੰਚਣ ਵਿੱਚ ਸਹਾਇਤਾ ਕੀਤੀ ਜਾ ਸਕੇ।

ਬਿਮਾਰੀ, ਸੱਟ, ਸਮੱਸਿਆਵਾਂ, ਜਾਂ ਬੁਢਾਪਾ ਜਾਣੇ-ਪਛਾਣੇ ਕੰਮਾਂ ਨੂੰ ਵਧੇਰੇ ਮੁਸ਼ਕਿਲ ਬਣਾ ਸਕਦੇ ਹਨ। ਅਕੂਪੇਸ਼ਨਲ ਥੈਰੇਪਿਸਟ ਰੋਜ਼ਾਨਾ ਜੀਵਨ ਨੂੰ ਸੁਰੱਖਿਅਤ ਅਤੇ ਆਸਾਨ ਬਣਾਉਣ ਲਈ ਸਾਜ਼ੋ-ਸਾਮਾਨ ਅਤੇ ਡਿਵਾਈਸਾਂ, ਰਣਨੀਤੀਆਂ, ਜਾਂ ਵਾਧਿਆਂ-ਘਾਟਿਆਂ ਦਾ ਸੁਝਾਅ ਦੇ ਕੇ ਸਾਰੀਆਂ ਯੋਗਤਾਵਾਂ ਵਾਲੇ ਲੋਕਾਂ ਨੂੰ ਉਨ੍ਹਾਂ ਗਤੀਵਿਧੀਆਂ ਨੂੰ ਕਰਨ ਵਿੱਚ ਸਹਾਇਤਾ ਕਰਦੇ ਹਨ ਜੋ ਉਨ੍ਹਾਂ ਲਈ ਮਹੱਤਵਪੂਰਨ ਹੁੰਦੀਆਂ ਹਨ।

## ਜਦ ਤੁਸੀਂ ਕਿਸੇ ਅਕੂਪੇਸ਼ਨਲ ਥੈਰੇਪਿਸਟ ਨਾਲ ਕੰਮ ਕਰਦੇ ਹੋ ਤਾਂ ਕਿਸ ਚੀਜ਼ ਦੀ ਉਮੀਦ ਕੀਤੀ ਜਾਵੇ

- ਤੁਸੀਂ ਕਿਸੇ ਯੋਗਤਾ ਪ੍ਰਾਪਤ ਸਿਹਤ ਪੇਸ਼ੇਵਰ ਦੀ ਉਮੀਦ ਕਰ ਸਕਦੇ ਹੋ ਜੋ ਓਨਟੈਰੀਓ ਦੇ ਕਾਲਜ ਆਫ ਅਕੂਪੇਸ਼ਨਲ ਥੈਰੇਪਿਸਟਜ਼ ਕੋਲ ਪੰਜੀਕਿਰਤ (ਲਾਇਸੰਸਸ਼ੁਦਾ) ਹੈ।
- ਤੁਸੀਂ ਕਿਸੇ ਅਕੂਪੇਸ਼ਨਲ ਥੈਰੇਪਿਸਟ ਨਾਲ ਕੰਮ ਕਰਨ ਦੀ ਉਮੀਦ ਕਰ ਸਕਦੇ ਹੋ ਜਿਸ ਵਾਸਤੇ ਪੇਸ਼ੇਵਰਾਨਾ ਮਿਆਰਾਂ ਦੀ ਪੂਰਤੀ ਕਰਨੀ ਅਤੇ ਸਾਲਾਨਾ ਗੁਣਵੱਤਾ ਸੁਧਾਰ ਦੀਆਂ ਗਤੀਵਿਧੀਆਂ ਵਿੱਚ ਹਿੱਸਾ ਲੈਣਾ ਲਾਜ਼ਮੀ ਹੁੰਦੇ ਹਨ।
- ਤੁਸੀਂ ਸੁਰੱਖਿਅਤ, ਨੈਤਿਕ ਅਤੇ ਗੁਣਵੱਤਾ ਭਰਪੂਰ ਸੰਭਾਲ ਪ੍ਰਾਪਤ ਕਰਨ ਦੀ ਉਮੀਦ ਕਰ ਸਕਦੇ ਹੋ।
- ਤੁਸੀਂ ਉਹ ਸਾਰੀ ਜਾਣਕਾਰੀ ਪ੍ਰਾਪਤ ਕਰਨ ਦੀ ਉਮੀਦ ਕਰ ਸਕਦੇ ਹੋ ਜਿਸਦੀ ਤੁਹਾਨੂੰ ਆਪਣੇ ਅਕੂਪੇਸ਼ਨਲ ਚਿਕਿਤਸਕ ਨਾਲ ਮਿਲਕੇ ਕੰਮ ਕਰਨ ਬਾਰੇ ਸੋਚ-ਸਮਝਕੇ ਫੈਸਲੇ ਲੈਣ ਲਈ ਜ਼ਰੂਰਤ ਹੈ।
- ਤੁਸੀਂ ਉਮੀਦ ਕਰ ਸਕਦੇ ਹੋ ਕਿ ਤੁਹਾਡਾ ਅਕੂਪੇਸ਼ਨਲ ਥੈਰੇਪਿਸਟ ਤੁਹਾਡੇ ਨਾਲ ਆਦਰ ਅਤੇ ਇੱਜ਼ਤ ਨਾਲ ਵਿਵਹਾਰ ਕਰੇਗਾ।
- ਤੁਸੀਂ ਆਪਣੇ ਅਕੂਪੇਸ਼ਨਲ ਥੈਰੇਪਿਸਟ ਤੋਂ ਉਮੀਦ ਕਰ ਸਕਦੇ ਹੋ ਕਿ ਉਹ ਤੁਹਾਡੇ ਮਨੁੱਖੀ ਅਧਿਕਾਰਾਂ ਨੂੰ ਬਰਕਰਾਰ ਰੱਖੇਗਾ ਅਤੇ ਤੁਹਾਡੀਆਂ ਨਿੱਜੀ ਅਤੇ ਸੱਭਿਆਚਾਰਕ ਪ੍ਰਥਾਵਾਂ ਦਾ ਸਮਰਥਨ ਕਰਨ ਲਈ ਤੁਹਾਡੇ ਨਾਲ ਕੰਮ ਕਰੇਗਾ।
- ਤੁਸੀਂ ਆਪਣੇ ਸਵਾਲਾਂ ਦੇ ਜਵਾਬ ਦਿੱਤੇ ਜਾਣ ਦੀ ਉਮੀਦ ਕਰ ਸਕਦੇ ਹੋ। ਆਪਣੇ ਅਕੂਪੇਸ਼ਨਲ ਥੈਰੇਪਿਸਟ ਨੂੰ ਓਨੇ ਸਵਾਲ ਪੁੱਛੋ ਜਿੰਨੇ ਤੁਹਾਨੂੰ ਲੋੜ ਹੈ।

ਮਈ 2026

20 Bay St, Suite 900, PO Box 78, Toronto, ON M5J 2N8
ਟੈਲੀ 416-214-1177 | 1-800-890-6570 ਫੈਕਸ 416-214-1173
coto.org

COTO College of Occupational Therapists of Ontario
Regulator of occupational therapists in Ontario

ਓਨਟੈਰੀਓ ਵਿੱਚ, ਅਕੁਪੇਸ਼ਨਲ ਥੈਰੇਪਿਸਟਾਂ ਨੂੰ ਲਾਜ਼ਮੀ ਤੌਰ 'ਤੇ **ਕਾਲਜ ਆਫ ਅਕੁਪੇਸ਼ਨਲ ਥੈਰੇਪਿਸਟਜ਼ ਆਫ ਓਨਟੈਰੀਓ** ਕੋਲ ਰਜਿਸਟਰਡ ਹੋਣਾ ਚਾਹੀਦਾ ਹੈ। ਤੁਸੀਂ coto.org 'ਤੇ ਔਨਲਾਈਨ ਰਜਿਸਟਰਡ ਅਕੁਪੇਸ਼ਨਲ ਥੈਰੇਪਿਸਟਾਂ ਦੀ ਸੂਚੀ ਦੀ ਜਾਂਚ ਕਰਕੇ ਪੰਜੀਕਰਨ ਦੀ ਤਸਦੀਕ ਕਰ ਸਕਦੇ ਹੋ (ਸਿਰਫ ਅੰਗਰੇਜ਼ੀ ਵਿੱਚ ਉਪਲਬਧ)।

ਜੇ ਕਿਸੇ ਅਕੁਪੇਸ਼ਨਲ ਥੈਰੇਪਿਸਟ ਦੇ ਨਾਲ ਕੰਮ ਕਰਨ ਬਾਰੇ ਤੁਹਾਡੇ ਕੋਈ ਸਵਾਲ ਹਨ, ਤਾਂ ਕਾਲਜ ਆਫ ਅਕੁਪੇਸ਼ਨਲ ਥੈਰੇਪਿਸਟਜ਼ ਆਫ ਓਨਟੈਰੀਓ ਨਾਲ ਸੰਪਰਕ ਕਰੋ। ਅਸੀਂ ਏਥੇ ਮਦਦ ਕਰਨ ਲਈ ਮੌਜੂਦ ਹਾਂ। ਤੁਸੀਂ ਸਾਨੂੰ 416-214-1177 'ਤੇ ਕਾਲ ਕਰ ਸਕਦੇ ਹੋ ਜਾਂ 1-800-890-6570 'ਤੇ ਟੋਲ-ਫ੍ਰੀ ਕਾਲ ਕਰ ਸਕਦੇ ਹੋ ਜਾਂ ਸਾਨੂੰ practice@coto.org 'ਤੇ ਈਮੇਲ ਕਰ ਸਕਦੇ ਹੋ।

ਵਧੇਰੇ ਜਾਣਕਾਰੀ ਵਾਸਤੇ, ਸਾਡੀ ਵੈੱਬਸਾਈਟ coto.org 'ਤੇ ਜਾਓ (ਕੇਵਲ ਅੰਗਰੇਜ਼ੀ ਵਿੱਚ ਉਪਲਬਧ)।

ਮਈ 2026

20 Bay St, Suite 900, PO Box 78, Toronto, ON M5J 2N8
ਟੈਲੀ 416-214-1177 | 1-800-890-6570 ਫੈਕਸ 416-214-1173
coto.org